# ਪੰਜਾਬ ਵਿਧਾਨ ਸਭਾ

## ਬਾਰ੍ਹਵਾਂ (ਬਜਟ) ਸਮਾਗਮ

## ਨਿਸ਼ਾਨ ਵਾਲੇ ਪ੍ਰਸ਼ਨ

## 11 ਮਾਰਚ 2026

----

ਕੁੱਲ ਪ੍ਰਸ਼ਨ 20

----

### ਫਾਜਿਲਕਾ ਦੇ ਨਵੇਂ ਬੱਸ ਸਟੈਂਡ ਨੂੰ ਸ਼ੁਰੂ ਕਰਨਾ

*1813 **ਸ. ਨਰਿੰਦਰਪਾਲ ਸਿੰਘ ਸਵਨਾ (ਫਾਜ਼ਿਲਕਾ):**

**ਸਥਾਨਕ ਸਰਕਾਰਾਂ, ਉਦਯੋਗ ਤੇ ਵਣਜ, ਨਿਵੇਸ਼ ਪ੍ਰਮੋਸ਼ਨ ਵਿਭਾਗ, ਬਿਜਲੀ** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:- ੳ) ਫਾਜਿਲਕਾ ਵਿਖੇ ਬਣੇ ਨਵੇਂ ਬੱਸ ਅੱਡੇ ਨੂੰ ਹੁਣ ਤੱਕ ਕਿਉਂ ਨਹੀਂ ਚਲਾਇਆ ਜਾ ਸਕਿਆ; ਅ) ਕੀ ਨਗਰ ਕੌਂਸਲ ਫਾਜਿਲਕਾ ਵੱਲੋਂ ਇਸ ਬੱਸ ਅੱਡੇ ਨੂੰ ਬਣਾਉਣ ਲਈ ਟਰਾਂਸਪੋਰਟ ਵਿਭਾਗ ਨਾਲ ਤਾਲਮੇਲ ਕਰਕੇ ਟਰਾਂਸਪੋਰਟ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਕਰਕੇ ਮਨਜੂਰੀ ਲਈ ਗਈ ਸੀ ਜਾਂ ਨਹੀਂ?

----

### ਚੰਡੋਲਾ ਪੁਲ ਦੀ ਮੁਰਮੰਤ ਕਰਨਾ

*1776 **ਸ਼੍ਰੀ ਨਰੇਸ਼ ਪੁਰੀ (ਸੁਜਾਨਪੁਰ):**

**ਖੇਤੀਬਾੜੀ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਚੰਡੋਲਾ ਪੁਲ, ਜ਼ਿਲ੍ਹਾ ਪਠਾਨਕੋਟ, ਜੋ ਕਈ ਲਿੰਕ ਸੜਕਾਂ ਨਾਲ ਜੁੜਦਾ ਹੈ, ਲੰਬੇ ਸਮੇਂ ਤੋਂ ਖਰਾਬ ਹਾਲਤ ਵਿੱਚ ਹੋਣ ਕਾਰਣ ਆਮ ਜਨਤਾ ਨੂੰ ਆਵਾਜਾਈ ਵਿੱਚ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਪੁੱਲ ਦੀ ਨਵੀਂ ਉਸਾਰੀ ਜਾਂ ਮੁਰੰਮਤ ਕਦੋਂ ਤੱਕ ਕਰ ਦਿੱਤੀ ਜਾਵੇਗੀ?

----

## ਸੁਖਨਾ ਚੋਅ, ਬਲਟਾਣਾ ਅਤੇ ਮੁਬਾਰਕਪੁਰ ਵਿਖੇ ਕਾਜਵੇਅ ਤੇ ਉਚ ਪੱਧਰੀ ਪੁਲ ਬਣਾਉਣ ਦੇ ਵੇਰਵੇ

***1808 ਸ. ਕੁਲਜੀਤ ਸਿੰਘ ਰੰਧਾਵਾ ( ਡੇਰਾ ਬੱਸੀ ):**

**ਲੋਕ ਨਿਰਮਾਣ :-**

ਕੀ ਲੋਕ ਨਿਰਮਾਣ (ਭ ਤ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸੁਖਨਾ ਚੋਅ, ਬਲਟਾਣਾ (ਜੀਰਕਪੁਰ) ਅਤੇ ਮੁਬਾਰਕਪੁਰ ਵਿਖੇ ਕਾਜਵੇਅ ਦੀ ਜਗ੍ਹਾ ਉਚ ਪੱਧਰੀ ਪੁਲ ਬਣਾਉਣ ਦਾ ਕੰਮ ਕਦੋਂ ਸ਼ੁਰੂ ਕੀਤਾ ਗਿਆ ਸੀ; ਇਸਦੀ ਤਾਜ਼ਾ ਸਥਿੱਤੀ ਕੀ ਹੈ;

ਅ) ਇਹਨਾਂ ਪੁਲਾਂ ਨੂੰ ਕਦੋਂ ਤੱਕ ਮੁਕੰਮਲ ਕਰ ਲਿਆ ਜਾਵੇਗਾ ਅਤੇ ਇਹਨਾਂ ਉਤੇ ਕੁੱਲ ਕਿੰਨਾ ਖਰਚਾ ਆਉਣ ਦੀ ਸੰਭਾਵਨਾ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

## ਜਲਾਲਾਬਾਦ ਦੇ ਪੁਰਾਣਾ ਸਿਵਲ ਹਸਪਤਾਲ ਦੀ ਜਗ੍ਹਾ ਤੇ ਯੂ.ਪੀ.ਐਚ.ਸੀ ਬਣਾਉਣਾ

***1770 ਸ਼੍ਰੀ ਜਗਦੀਪ ਕੰਬੋਜ਼ ਗੋਲਡੀ ( ਜਲਾਲਾਬਾਦ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਲਾਲਾਬਾਦ ਵਿੱਚ ਪੁਰਾਣਾ ਸਿਵਲ ਹਸਪਤਾਲ 10 ਸਾਲਾਂ ਤੋਂ ਬੰਦ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇੱਥੇ ਯੂ.ਪੀ.ਐਚ.ਸੀ. (ਅਰਬਨ ਪ੍ਰਾਇਮਰੀ ਹੈਲਥ ਸੈਂਟਰ) ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;ਜੇਕਰ ਹੈ ਤਾਂ ਕਦੋਂ ਤੱਕ?

----

## ਹਲਕਾ ਘਨੌਰ ਵਿੱਚ ਡਬਲਿਊ.ਟੀ.ਪੀ. (Water Treatment Plants) ਦੀ ਤਾਜਾ ਸਥਿਤੀ

***1810 ਸ਼੍ਰੀ ਗੁਰਲਾਲ ਸਿੰਘ (ਘਨੌਰ):**

**ਸਥਾਨਕ ਸਰਕਾਰਾਂ, ਉਦਯੋਗ ਤੇ ਵਣਜ, ਨਿਵੇਸ਼ ਪ੍ਰਮੋਸ਼ਨ ਵਿਭਾਗ , ਬਿਜਲੀ :-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਘਨੌਰ, ਜਿਲ੍ਹਾ ਪਟਿਆਲਾ ਵਿੱਚ ਕਿਥੇ-ਕਿਥੇ ਡਬਲਿਊ.ਟੀ.ਪੀ. (Water Treatment Plant) ਸਥਾਪਿਤ ਕਰਨ ਦੀ ਤਜਵੀਜ ਹੈ;

ਅ) ਇਨ੍ਹਾਂ ਪਲਾਂਟਾ ਦੀ ਤਾਜਾ ਸਥਿਤੀ ਕੀ ਹੈ ਅਤੇ ਇਨ੍ਹਾਂ ਨੂੰ ਕਦੋਂ ਤੱਕ ਪੂਰਾ ਕੀਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

----

## ਬੁਢਲਾਡਾ ਦੇ ਪਿੰਡਾਂ ਦੀਆਂ ਸੜਕਾਂ ਦੀ ਰਿਪੇਅਰ

***1792 ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ):**

**ਖੇਤੀਬਾੜੀ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਦੇ ਵਿੱਚ ਬੁਢਲਾਡਾ ਤੋਂ ਬੱਛੁਆਣਾ , ਦੋਦੜਾ, ਭਾਦੜਾ, ਕਣਕਵਾਲ ਚਹਿਲਾਂ ਤੋਂ ਜਿਲ੍ਹਾ ਮਾਨਸਾ ਦੀ ਹੱਦ ਤੱਕ ਸੜਕ ਦੀ ਹਾਲਤ ਬਹੁਤ ਖਰਾਬ ਹੈ; ਜੇਕਰ ਅਜਿਹਾ ਹੈ ਤਾਂ ਕੀ ਇਨਾਂ ਸੜਕਾਂ ਦੀ ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਹੈ ਤਾਂ ਕਦੋਂ ਤੱਕ ?

----

## ਹਲਕਾ ਸਮਾਣਾ ਦੇ ਪਿੰਡ ਮਵੀ ਸੱਪਾਂ ਅਤੇ ਖੇੜੀ ਵਰਨਾ ਦੇ ਸਰਕਾਰੀ ਸਕੂਲਾਂ ਨੂੰ ਅੱਪਗ੍ਰੇਡ ਕਰਨਾ

***1765 ਚੇਤਨ ਸਿੰਘ ਜੋੜਾਮਾਜਰਾ (ਸਮਾਣਾ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ ਅਤੇ ਭਾਸ਼ਾ, ਸਕੂਲ ਸਿੱਖਿਆ,ਸੂਚਨਾ ਅਤੇ ਲੋਕ ਸੰਪਰਕ** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਸਮਾਣਾ ਦੇ ਪਿੰਡ ਮਵੀ ਸੱਪਾਂ ਅਤੇ ਖੇੜੀ ਵਰਨਾ ਵਿਖੇ ਮੌਜੂਦ ਸਰਕਾਰੀ ਸਕੂਲਾਂ ਨੂੰ ਸਮਾਂ ਬੱਧ ਕਰਕੇ ਕਦੋਂ ਤੱਕ ਅਪਗ੍ਰੇਡ ਕਰ ਦਿੱਤਾ ਜਾਵੇਗਾ?

----

## ਮੁਕਤਸਰ-ਫਿਰੋਜ਼ਪੁਰ ਰੋਡ ਦੇ ਵੇਰਵੇ

***1720 ਸ. ਗੁਰਦਿੱਤ ਸਿੰਘ (ਫਰੀਦਕੋਟ):**

**ਲੋਕ ਨਿਰਮਾਣ :-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ**) ਮੁਕਤਸਰ-ਫਿਰੋਜ਼ਪੁਰ ਰੋਡ ਪ੍ਰੋਜੈਕਟ ਦੀ ਕੁੱਲ ਪ੍ਰਵਾਨਿਤ ਲਾਗਤ ਕਿੰਨੀ ਹੈ, ਇਸ ਪ੍ਰੋਜੈਕਟ ਉੱਤੇ ਹੁਣ ਤੱਕ ਕਿੰਨਾ ਖਰਚ ਕੀਤਾ ਜਾ ਚੁੱਕਾ ਹੈ ਅਤੇ ਹੋਰ ਕਿੰਨਾ ਖਰਚ ਆਉਣ ਦੀ ਸੰਭਾਵਨਾ ਹੈ;

**ਅ**) ਇਸ ਰੋਡ ਪ੍ਰੋਜੈਕਟ ਵਿੱਚ ਕੁੱਲ ਕਿੰਨੇ ਵੱਡੇ ਅਤੇ ਛੋਟੇ ਪੁਲ (Bridges/Minor Bridges) ਬਣਨੇ ਹਨ;

**ੲ**) ਕੀ ਇਸ ਪ੍ਰੋਜੈਕਟ ਤਹਿਤ ਕੋਈ ਟੋਲ ਪਲਾਜ਼ਾ ਬਣਾਇਆ ਜਾਣਾ ਹੈ; ਜੇਕਰ ਹਾਂ ਤਾਂ ਕਿੰਨੇ ਅਤੇ ਕਿਹੜੇ ਸਥਾਨਾਂ ਤੇ;

**ਸ**) ਇਸ ਰੋਡ ਦੇ ਕੰਮ ਵਿੱਚ ਦੇਰੀ ਦੇ ਮੁੱਖ ਕਾਰਨ ਕੀ ਹਨ ਅਤੇ ਇਹ ਪ੍ਰੋਜੈਕਟ ਪੂਰਾ ਹੋਣ ਲਈ ਸਰਕਾਰ ਵੱਲੋਂ ਹੁਣ ਕਿੰਨੀ ਮਿਆਦ ਨਿਰਧਾਰਤ ਕੀਤੀ ਗਈ ਹੈ?

----

## ਖੇਡ ਕੰਪਲੈਕਸ ਦੇ ਵਿਕਾਸ ਲਈ ਸਮਾਰਟ ਸਿਟੀ ਪ੍ਰੋਜੈਕਟ ਦੀ ਤਾਜਾ ਸਥਿਤੀ

***1702 ਸ਼੍ਰੀ. ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ ):**

**ਸਥਾਨਕ ਸਰਕਾਰਾਂ , ਉਦਯੋਗ ਤੇ ਵਣਜ, ਨਿਵੇਸ਼ ਪ੍ਰਮੋਸ਼ਨ ਵਿਭਾਗ , ਬਿਜਲੀ :-**
ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਜਲੰਧਰ ਬੁਰਲਟਨ ਪਾਰਕ ਵਿਖੇ ਖੇਡ ਕੰਪਲੈਕਸ ਦੇ ਵਿਕਾਸ ਲਈ ਸਮਾਰਟ ਸਿਟੀ ਪ੍ਰੋਜੈਕਟ ਅਧੀਨ ਕਿਸੇ ਪ੍ਰੋਜੈਕਟ ਦਾ ਕੰਮ ਚੱਲ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਇਸ ਸਬੰਧੀ ਕੰਮ ਦਾ ਮੰਤਵ, ਇਸ ਪ੍ਰੋਜੈਕਟ ਤੇ ਖਰਚ ਕੀਤੀ ਜਾਣ ਵਾਲੀ ਕੁੱਲ ਰਕਮ ; ਟੈਂਡਰ ਦੇ ਜਾਰੀ ਹੋਣ ਦੀ ਅਤੇ ਵਰਕ ਆਰਡਰ ਦਿੱਤੇ ਜਾਣ ਦੀ ਮਿਤੀ ਅਤੇ ਠੇਕੇਦਾਰਾਂ ਦੇ ਨਾ ਅਤੇ ਪ੍ਰੋਜੈਕਟ ਦੇ ਮੁਕੰਮਲ ਹੋਣ ਦੀ ਮਿਤੀ ਕੀ ਹੈ;

ਅ) ਕੀ ਠੇਕੇਦਾਰਾਂ ਨੂੰ ਕੋਈ ਵਾਧੂ ਸਮਾਂ ਦਿੱਤਾ ਗਿਆ ਹੈ ਜਾਂ ਕਿਸੇ ਕਾਰਨ ਠੇਕੇਦਾਰਾਂ ਨੂੰ ਕੋਈ ਜੁਰਮਾਨਾ ਲਗਾਇਆ ਗਿਆ ਹੈ;

ੲ) ਮਿਤੀ 31ਜਨਵਰੀ, 2026 ਤੱਕ ਮੁਕੰਮਲ ਹੋਏ ਕੰਮਾਂ ਦੇ ਵੇਰਵੇ ਅਤੇ ਕੰਮ ਪੂਰਾ ਹੋਣ ਦਾ ਅਨੁਮਾਨਿਤ ਸਮਾਂ ਕੀ ਹੈ; ਵੇਰਵੇ ਸਹਿਤ ਦੱਸਿਆ ਜਾਵੇ ?

----

**ਪਿੰਡ ਮੰਗੂਵਾਲ ਤੋਂ ਕਾਹਮਾ, ਖਟਕੜ ਕਲਾਂ ਤੋਂ ਮੰਗੂਵਾਲ ਤੱਕ ਸੜਕ ਬਣਾਉਣਾ**

*1761 **ਡਾ. ਨਛੱਤਰ ਪਾਲ (ਨਵਾਂ ਸ਼ਹਿਰ):**

**ਖੇਤੀਬਾੜੀ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰੇਲਵੇ ਲਾਇਨ ਦੇ ਨਾਲ ਪਿੰਡ ਮੰਗੂਵਾਲ ਤੋਂ ਕਾਹਮਾ, ਖਟਕੜ ਕਲਾਂ ਤੋਂ ਮੰਗੂਵਾਲ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਤੱਕ ਸੜਕ ਬਣਾਉਂਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

----

**ਸਰਕਾਰੀ ਕਾਲਜ, ਮਲੇਰਕੋਟਲਾ ਦਾ ਸ਼ਤਾਬਦੀ ਸਮਾਰੋਹ ਮਨਾਉਣਾ**

*1723 **ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ (ਅਮਰਗੜ੍ਹ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ ਅਤੇ ਭਾਸ਼ਾ, ਸਕੂਲ ਸਿੱਖਿਆ,ਸੂਚਨਾ ਅਤੇ ਲੋਕ ਸੰਪਰਕ** ਕੀ ਉੱਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਲੇਰਕੋਟਲਾ ਦੇ ਸਰਕਾਰੀ ਕਾਲਜ ਦਾ ਸ਼ਤਾਬਦੀ ਸਮਾਰੋਹ ਮਨਾਉਣ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਵੇਰਵੇ ਸਹਿਤ ਦੱਸਿਆ ਜਾਵੇ ?

----

**ਡੇਰਾਬੱਸੀ ਵਿਖੇ ਸਬ ਡਵੀਜ਼ਨਲ ਕੰਪਲੈਕਸ ਬਣਾਉਣਾ**

*1785 **ਸ. ਕੁਲਜੀਤ ਸਿੰਘ ਰੰਧਾਵਾ ( ਡੇਰਾ ਬੱਸੀ ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ,ਹਾਊਸਿੰਗ ਅਤੇ ਸ਼ਹਿਰੀ ਵਿਕਾਸ** ਕੀ ਮਾਲ ਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

ੳ) ਕੀ ਡੇਰਾਬੱਸੀ ਵਿਖੇ ਸਾਰੇ ਸਰਕਾਰੀ ਦਫਤਰਾਂ ਨੂੰ ਇੱਕੋ ਛੱਤ ਹੇਠ ਲਿਆਉਣ ਲਈ ਸਬ ਡਵੀਜ਼ਨਲ ਕੰਪਲੈਕਸ ਬਣਾਉਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ;

ਅ) ਜੇਕਰ ਹੈ ਤਾਂ ਇਸ ਲਈ ਜ਼ਮੀਨ ਦੀ ਪਹਿਚਾਣ, ਅੰਦਾਜ਼ਨ ਲਾਗਤ ਅਤੇ ਸੰਭਾਵਿਤ ਸਮਾਂ ਸੀਮਾ ਕੀ ਨਿਰਧਾਰਤ ਕੀਤੀ ਗਈ ਹੈ;

ੲ) ਜੇਕਰ ਨਹੀਂ ਤਾਂ ਕੀ ਸਰਕਾਰ ਇਸ ਸਬੰਧੀ ਕੋਈ ਯੋਜਨਾ ਬਣਾ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

## ਹਲਕਾ ਸਮਾਣਾ ਵਿਖੇ ਗਾਊਸ਼ਾਲਾ ਨੂੰ ਦਿੱਤੇ ਗਏ ਗਊ ਸੈੱਸ ਦੇ ਵੇਰਵੇ

***1807 ਚੇਤਨ ਸਿੰਘ ਜੋੜਾਮਾਜਰਾ (ਸਮਾਣਾ):**

**ਸਥਾਨਕ ਸਰਕਾਰਾਂ, ਉਦਯੋਗ ਤੇ ਵਣਜ, ਨਿਵੇਸ਼ ਪ੍ਰਮੋਸ਼ਨ ਵਿਭਾਗ, ਬਿਜਲੀ :-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪਿੰਡ ਗਾਜੀਪੁਰ ਹਲਕਾ ਸਮਾਣਾ ਵਿਖੇ ਗਊਸ਼ਾਲਾ ਨੂੰ ਪਿਛਲੇ ਤਿੰਨ ਸਾਲਾਂ ਦੌਰਾਨ ਕਿੰਨਾ ਗਊ ਸੈੱਸ ਦਿੱਤਾ ਗਿਆ ਹੈ;

ਅ) ਕੀ ਸਰਕਾਰ ਇਸ ਗਊਸ਼ਾਲਾ ਨੂੰ ਰੈਗੂਲਰ ਤੌਰ ਤੇ ਬਣਦਾ ਗਊ ਸੈੱਸ ਜਾਰੀ ਕਰ ਰਹੀਂ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

## ਸਬ ਡਵੀਜ਼ਨ ਬੁਢਲਾਡਾ ਦੇ ਪਿੰਡਾਂ ਕੁਲਾਣਾ, ਸਤੀਕੇ, ਸੈਦੇਵਾਲਾ ਤੱਕ ਸੜਕ 10 ਫੁੱਟ ਤੋਂ 18 ਫੁੱਟ ਤੱਕ ਚੌੜੀ ਕਰਨਾ

***1793 ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ):**

**ਖੇਤੀਬਾੜੀ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ ਡਵੀਜ਼ਨ ਬੁਢਲਾਡਾ ਦੇ ਪਿੰਡਾਂ ਕੁਲਾਣਾ, ਸਤੀਕੇ, ਸੈਦੇਵਾਲਾ ਤੱਕ 10 ਫੁੱਟ ਚੌੜੀ ਸੜਕ ਹੈ, ਜਿਥੇ ਪਿੰਡ ਕੁਲਾਣਾ ਵਿਖੇ ਮਾਤਾ ਦਾ ਮੰਦਰ ਅਤੇ ਪਿੰਡ ਸੈਦੇਵਾਲਾ ਵਿਖੇ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਦੁਆਰਾ 'ਪਾਹਨਸਰ 'ਹੈ, ਜਿੱਥੇ ਹਜ਼ਾਰਾਂ ਲੋਕ ਸ਼ਰਧਾ ਪੂਰਵਕ ਆਉਂਦੇ ਹਨ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਇਸ ਸੜਕ ਨੂੰ 10 ਫੁੱਟ ਤੋਂ 18 ਫੁੱਟ ਚੌੜੀ ਬਣਾਏਗੀ; ਜੇਕਰ ਹਾਂ ਤਾਂ ਕਦੋਂ ਤੱਕ?

----

## ਪੰਜਾਬ ਵਲੋਂ ਸੂਬੇ ਚ ਆਉਣ ਵਾਲੇ ਵਾਹਨਾਂ ਤੇ ਐਂਟਰੀ ਟੈਕਸ ਲਗਾਉਣਾ

***1795 ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ):**

**ਵਿੱਤ, ਯੋਜਨਾ, ਪ੍ਰੋਗਰਾਮ ਲਾਗੂ ਕਰਨ, ਆਬਕਾਰੀ ,ਕਰ :-**

ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਹਿਮਾਚਲ ਪ੍ਰਦੇਸ਼ ਦੀ ਤਰਜ ਤੇ ਪੰਜਾਬ ਵਲੋਂ ਸੂਬੇ ਚ ਆਉਣ ਵਾਲੇ ਵਾਹਨਾਂ ਤੇ ਐਂਟਰੀ ਟੈਕਸ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

ਅ) ਕੀ ਇਹ ਟੈਕਸ ਲਗਾਉਣਾ ਕਾਨੂੰਨੀ ਤੌਰ ਤੇ ਸੰਭਵ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

## ਆਦਮਪੁਰ ਪੁਲ ਦੀ ਉਸਾਰੀ ਅਤੇ ਸੜਕ ਨੂੰ ਚਾਰ ਮਾਰਗੀ ਕਰਨਾ

***1797 ਸ. ਸੁਖਵਿੰਦਰ ਸਿੰਘ ਕੋਟਲੀ ( ਆਦਮਪੁਰ):**

**ਲੋਕ ਨਿਰਮਾਣ :-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜਲੰਧਰ /ਹੁਸ਼ਿਆਰਪੁਰ ਦੀ ਸੜਕ ਤੇ ਪੈਂਦੇ ਆਦਮਪੁਰ ਦੇ ਪੁਲ ਦੀ ਉਸਾਰੀ ਅਤੇ ਸੜਕ ਨੂੰ ਚਾਰ ਮਾਰਗੀ ਕਰਨ ਦਾ ਕੰਮ ਲੰਬੇ ਸਮੇਂ ਤੋਂ ਬੰਦ ਪਿਆ ਹੈ; ਜੇਕਰ ਅਜਿਹਾ ਹੈ ਤਾਂ ਇਸ ਦੇ ਕੀ ਕਾਰਨ ਹਨ;

ਅ) ਇਸ ਪੁਲ ਅਤੇ ਸੜਕ ਦਾ ਕੰਮ ਦੁਬਾਰਾ ਕਦੋਂ ਸ਼ੁਰੂ ਕਰਵਾਇਆ ਜਾਵੇਗਾ ਅਤੇ ਕਦੋ ਤੱਕ ਮੁਕੰਮਲ ਹੋਵੇਗਾ;

ੲ) ਕੀ ਉਪਰੋਕਤ ਸਬੰਧੀ ਜਿੰਮੇਵਾਰ ਅਧਿਕਾਰੀਆਂ ਦੇ ਖਿਲਾਫ ਕੋਈ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

## ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ ਦੇ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦਾ ਵੇਰਵਾ

***1709 ਸ. ਗੁਰਦਿੱਤ ਸਿੰਘ (ਫਰੀਦਕੋਟ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ** ਕੀ ਮੈਡੀਕਲ ਸਿਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀ ਘਾਟ ਨੂੰ ਪੂਰਾ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਹਲਕਾ ਜਲਾਲਾਬਾਦ ਵਿਖੇ ਡੇਅਰੀ ਸਿਖਲਾਈ ਕੇਂਦਰ ਖੋਲ੍ਹਣਾ

***1773 ਸ਼੍ਰੀ ਜਗਦੀਪ ਕੰਬੋਜ਼ ਗੋਲਡੀ ( ਜਲਾਲਾਬਾਦ):**

**ਖੇਤੀਬਾੜੀ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ** ਕੀ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਜਲਾਲਾਬਾਦ ਵਿੱਚ ਡੇਅਰੀ ਸਿਖਲਾਈ ਕੇਂਦਰ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

----

**ਸ਼ਹਿਰਾਂ ਦੀ ਵੱਧ ਰਹੀ ਆਬਾਦੀ ਲਈ ਨਾਗਰਿਕ ਸਹੂਲਤਾਂ ਦਾ ਪ੍ਰਬੰਧ ਕਰਨਾ**

***1806 ਰਾਣਾ ਗੁਰਜੀਤ ਸਿੰਘ (ਕਪੂਰਥਲਾ):**

**ਸਥਾਨਕ ਸਰਕਾਰਾਂ, ਉਦਯੋਗ ਤੇ ਵਣਜ, ਨਿਵੇਸ਼ ਪ੍ਰਮੋਸ਼ਨ ਵਿਭਾਗ , ਬਿਜਲੀ :-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸ਼ਹਿਰਾਂ ਦੀ ਤੇਜ਼ੀ ਨਾਲ ਵੱਧ ਰਹੀ ਆਬਾਦੀ ਕਾਰਨ ਜਲ ਸਪਲਾਈ ਅਤੇ ਹੋਰ ਨਾਗਰਿਕ ਸਹੂਲਤਾਂ ਦੇ ਪ੍ਰਬੰਧ ਕਰਨ ਦਾ ਦਬਾਅ ਪੈ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਲਗਾਤਾਰ ਵੱਧ ਰਹੀ ਚੁਣੌਤੀ ਨਾਲ ਨਜਿੱਠਣ ਲਈ ਚੁੱਕੇ ਜਾ ਰਹੇ ਪ੍ਰਸਤਾਵਿਤ ਕਦਮਾਂ ਦੇ ਵੇਰਵੇ ਕੀ ਹਨ?

----

**ਕਪਾਹ ਦੇ ਬੀਟੀ-3 ਜੀਨ ਬੀਜਾਂ ਦੀ ਸਪਲਾਈ ਦੇਣਾ**

***1743 ਸ਼੍ਰੀ ਸੰਦੀਪ ਜਾਖੜ (ਅਬੋਹਰ):**

**ਖੇਤੀਬਾੜੀ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕਪਾਹ ਦੇ ਬੀਟੀ-3 ਜੀਨ ਬੀਜ ਕਦੋਂ ਤੱਕ ਕਿਸਾਨਾਂ ਨੂੰ ਮੁਹੱਈਆ ਕਰਵਾ ਦਿੱਤੇ ਜਾਣਗੇ; ਵੇਰਵੇ ਸਹਿਤ ਦੱਸਿਆ ਜਾਵੇ ?

----

**ਚੰਡੀਗੜ੍ਹ - 160001.** **ਰਾਮ ਲੋਕ ਖਟਾਣਾ,**
**10 ਮਾਰਚ 2026.** **ਸਕੱਤਰ**